ਕੇਂਦਰੀ
ਡੇ 20 ਵੱ
G.430
24858

ਭੇਟ–

ਪੂਜਜ–

ਗਿਆਨੀ ਲਾਲ ਸਿੰਘ ਜੀ ਦੀ,

ਸੇਵਾ ਵਿਚ–

ਜਿਨ੍ਹਾਂ ਦੀ 'ਜੀਵਨ-ਜੋਤ' ਨੇ
ਮੈਨੂੰ ਚਾਨਣ ਦਿਤਾ।

'ਸੋਚ'

ਪਰਵੇਸ਼

ਪੰਜਾਬ ਭਾਵੇਂ ਕਿੱਡਾ ਬੁੱਢਾ ਹੋ ਜਾਵੇ, ਪਰ ਇਸ ਦੇ ਕਦਮ ਸਦਾ ਤੋਂ ਜੁਆਨਾਂ ਵਾਂਗ ਵਧਦੇ ਆਏ ਹਨ। ਰਿਖੀਆਂ ਮੁੰਨੀਆਂ ਦਾ ਵੀ ਪੰਜਾਬ ਹੋਵੇਗਾ, ਪਰ ਹੁਣ ਦੇ ਪੰਜਾਬ ਦਾ ਮੁਹਾਂਦਰਾ ਜੰਗੀ ਜੀਵਨ ਨਾਲ ਬਹੁਤ ਮਿਲਦਾ ਜੁਲਦਾ ਹੈ। ਪੰਜਾਬੀ, ਕਹਾਣੀਆਂ ਪੜ੍ਹਨ ਨਾਲੋਂ ਕਹਾਣੀਆਂ ਬਣਨਾਂ ਚੰਗਾ ਸਮਝਦੇ ਹਨ। ਇਹ ਸਦੀਆਂ ਤੋਂ ਇਤਿਹਾਸ ਲਿਖਣ ਦੀ ਥਾਂ ਤੇ ਆਪ ਇਤਿਹਾਸ ਬਣਦੇ ਆਏ ਹਨ।

ਪੰਜਾਬੀ, ਭਗਤ ਤੇ ਜੋਧੇ ਬਣੇ। ਰੰਝੇਟੇ ਤੇ ਮਹੀਂਵਾਲ ਬਣੇ, ਤੇ ਪੂਰਨ ਸਿੰਘ ਵਰਗੇ ਢਾਡੀ, ਪੰਜਾਬ ਨੂੰ ਗੀਤ ਵਾਂਗ ਗੂੰਜਦਾ ਸੁਣਨ ਵਾਲੇ ਕਵੀ ਬਣੇ।

ਅਧ ਮੀਟਿਆਂ ਨੈਣਾਂ ਨਾਲ ਪ੍ਰਭਾਤ ਵਰਗੇ ਦ੍ਰਿਸ਼ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਸਿੰਘਾਂ ਨੂੰ ਵਿਖਾਏ। ਸਿਖ ਇਤਿਹਾਸ ਜਾਦੂ ਦੀ ਲਾਲਟੈਣ ਨਾਲ ਹਰ ਘਰ ਵਿਚ ਵਿਚ ਘੁੰਮਣ ਲਗਾ।

ਇਕ ਹੋਰ ਪਿਛੋਂ ਥਕਿਆ, ਹਫ਼ਿਆ, ਭੁਖਾ ਤੇ ਠੋਕਰਾਂ ਨਾਲ ਚੂਰ ਚੂਰ ਹੋਇਆ ਮਨੁਖ ਆਇਆ, ਉਸਦੀਆਂ ਅਖਾਂ ਵਿਚ ਹੁਣ ਦਾ ਪੰਜਾਬ ਸੀ, ਹੁਣ ਦਾ ਸਮਾਜ ਸੀ, ਤੇ ਹੁਣ ਦਾ ਫ਼ਿਲਸਫ਼ਾ ਸੀ, ਹੁਣ ਦੀ ਗ਼ਰੀਬੀ ਸੀ, ਉਹ ਝੁੱਗੀ ਵਿਚ ਬੈਠਾ ਗਾਈ ਗਿਆ,ਉਹ ਚੌਂਕਾਂ ਤੇ ਗਲੀਆਂ ਵਿਚ ਖੜੋਤਾ ਵੀ ਗਾਈ ਗਿਆ। ਉਸ ਦੀ ਅਵਾਜ਼ ਨਾਲੋਂ ਉਸ ਦੇ ਬੁਲ੍ਹ ਬਹੁਤੇ ਥਰਕਦੇ ਸਨ। ਡੂੰਘੀਆਂ ਅਖਾਂ ਵਿਚੋਂ ਹੰਝੂਆਂ ਦੀਆਂ ਘਰਾਲਾਂ ਵਗ ਰਹੀਆਂ ਸਨ। ਬਸ ਉਹ ਗਾਈ ਗਿਆ ਤੇ ਰੋਈ ਗਿਆ, ਰੋਈ ਗਿਆ ਤੇ ਗਾਈ ਗਿਆ, ਹੁਣ ਉਸ ਦੇ ਆਲੇ ਦੁਆਲੇ ਦੂਰ ਤਕ ਭੀੜ ਦਾ ਦਰਿਆ ਸੀ, ਹਜ਼ਾਰਾਂ ਸਾੜੀਆਂ ਦੇ ਪਲੇ ਨੈਣਾਂ ਚੋਂ ਡੁਲ੍ਹਦੇ ਹੰਝੂ ਪੂੰਜ ਰਹੇ ਸਨ। ਸਭ ਇਸਤ੍ਰੀ ਸੰਸਾਰ ਹਟਕੋਰੇ ਲੈਣ ਲਗ ਪਿਆ, ਉਹ ਕਈ ਵਾਰ

ਹਸਿਆ ਵੀ ਪਰ ਸ਼ੈਕਸਪੀਅਰ ਦੇ ਹੈਮਲਿਟ ਵਾਂਗ। ਜਦ ਕਦੇ ਹਫਕੇ ਸਾਹ ਲੈਣ ਲਗਦਾ ਤਦ ਗਲਾਂ ਸ਼ੁਰੂ ਹੋ ਜਾਂਦੀਆਂ।

"ਪਈ ਗਲਾਂ ਤੇ ਸਭ ਪਤੇ ਦੀਆਂ ਕਰਦਾ ਏ"

"ਤੇ ਸੀਨੇ ਵਿਚੋਂ ਵੀ ਤਾਂ ਖ਼ੂਨ ਵਗਦਾ ਏ"

"ਸ਼ਾਇਦ ਇਹ ਸਿਆਹੀ ਦੀ ਥਾਂ ਖ਼ੂਨ ਨਾਲ ਲਿਖਦਾ ਏ"

"ਕੀ ਜਿਲਦਾਂ ਬੰਨ੍ਹਣ ਵਾਲੇ ਸਾਥੋਂ ਨੀਵੇਂ ਹਨ ?"

"ਤੇ ਬਾਂਦਰੀ ਵਾਲਾ ਰੋਡੂ ਕਿਹੜਾ ਸਾਥੋਂਨੀਵਾਂ ਏ"

"ਬੇ-ਟਿਕਟੇ ਵੀ ਤਾਂ ਸਾਡੇ ਨਾਲੋਂ ਚੰਗੇ ਨੇ"

"ਬਾਬਾ ਇਸਦੀਆਂ ਰਖੜੀਆਂ ਵੀ ਨਹੀਂ ਭੁਲਦੀਆਂ"

"ਤੇ ਇਸਨੇ ਡਾਕਟਰ ਵੀ ਅਨੋਖੇ ਰਖੇ ਹਨ। ਬਿਲੀ ਦੇ ਬਲੂੰਗੜੇ"

ਇਕ ਚਿਤ੍ਰਕਾਰ ਦੇ ਨੈਣ ਰਖਣ ਵਾਲਾ ਮੁਸਕਰਾ ਰਿਹਾ ਸੀ।

"ਅਵਾਜ਼ ਆਈ ਪ੍ਰੋਫ਼ੈਸਰ ਜੀ ਤੁਸੀਂ ਕਿਉਂ ਹਸਦੇ ਹੋ ?"

"ਆਖ਼ਰ ਪੰਜਾਬੀ ਨੇ ਵੀ ਡਿੱਕਨਜ਼ ਪੈਦਾ ਕਰ ਈ ਦਿਤਾ ਨਾ। ਪੰਜਾਬ ਦੇ ਚਿੱਟੇ ਲਹੂ ਨੂੰ ਕਢਕੇ ਲਾਲ ਖ਼ੂਨ ਭਰਨ ਵਾਲਾ ਵੀ ਬਹੁੜਪਿਆ।"

ਇਹ ਪੰਜਾਬ ਨੂੰ ਪੰਜਾਬੀਆਂ ਵਾਂਗ ਪਿਆਰ ਕਰਨ ਵਾਲਾ ਤੁਹਾਡਾ ਜਾਣੂ ਸ: ਨਾਨਕ ਸਿੰਘ ਜੀ ਨਾਵਲਿਸਟ ਹੈ।

ਇਕ ਹੋਰ ਸੁਫਨਿਆ ਵਾਲਾ ਆਇਆ, ਉਸਨੇ ਪੰਜਾਬੀ ਸਹਿੱਤ ਵਿਚ ਇਨਕਲਾਬ ਲੈ ਆਂਦਾ ਹੈ। ਉਸ ਦੇ ਮੂੰਹੋਂ ਨਿਕਲੇ ਸ਼ਬਦ ਲੋਕੀ ਆਪਣੇ ਪਿਆਰਿਆਂ ਨੂੰ ਲਿਖਣ ਲਗੇ, ਉਸੇ ਵਾਂਗ ਸੋਚਣ ਤੇ ਜੀਉਣ ਲਗੇ, ਉਹੋ ਜਹੇ ਸੁਪਨੇ ਹਰ ਇਕ ਦੀ ਹਿੱਕੜੀ ਵਿਚ ਧੜਕਣ ਲਗੇ। ਲਾਰਡ ਬਾਇਰਨ ਵਾਂਗ ਕਈ ਲੰਘੜਾ ਲੰਘੜਾ ਕੇ ਉਸੇ ਵਰਗਾ ਸੁਹਣਾ ਬਣਨ ਦੇ ਯਤਨ ਵਿਚ ਲਗੇ। ਉਸ ਨੇ ਪੰਜਾਬੀ ਸਾਹਿੱਤ ਨੂੰ ਪੰਜਾਂ ਛੇਆਂ ਸਾਲਾਂ ਵਿਚ ਇਨ੍ਹਾਂ ਨਿਗਰ ਕਰ ਦਿਤਾ, ਜਿਨ੍ਹਾਂ ਵਡੇ ਵਡੇ ਲਿਖਾਰੀ ਕਿਸੇ ਅਮੀਰ ਸਾਹਿਤ ਨੂੰ ਇਕ ਸਦੀ ਵਿਚ ਕਰਦੇ ਹਨ।

ਜਿਸ ਚਾਰਲਸ ਡਿੱਕਨਜ਼ ਦਾ ਪ੍ਰੋਫ਼ੈਸਰ ਤੇਜਾ ਸਿੰਘ ਐਮ. ਏ. ਨੇ

'ਚਿੱਟੇ-ਲਹੂ' ਵਿਚ ਜ਼ਿਕਰ ਕੀਤਾ ਹੈ, ਉਸ ਦੀ ਸੰਸਾਰ ਪ੍ਰਸਿਧ ਕਿਤਾਬ "A TAL OF TWO CITIES" ਅਸੀਂ ਪੰਜਾਬੀ ਪਾਠਕਾਂ ਦੇ ਪੇਸ਼ ਕਰ ਰਹੇ ਹਾਂ। ਅੰਗਰੇਜ਼ੀ ਸਾਹਿੱਤ ਦੇ ਬੁਲ੍ਹਾਂ ਤੇ ਜਿਹੜੀ ਮੁਸਕ੍ਰਾਹਟ ਹੈ, ਇਹ ਡਿੱਕਨਜ਼ ਦੀ ਕਲਮ ਨੇ ਚਿੱਤ੍ਰੀ ਹੈ। ਹਸਦਿਆਂ ਹਸਦਿਆਂ ਜੀਵਨ ਤੇ ਸੀਨੇ ਨੂੰ ਫੋਲ ਕੇ ਬੁਰਾਈਆਂ ਬਾਹਰ ਸੁਟ ਦੇਣੀਆਂ, ਇਹ ਡਿੱਕਨਜ਼ ਦੇ ਹਿਸੇ ਆਇਆ ਹੈ। ਮਖੌਲ ਉਡਾਉਣਾ, ਤਾਲੀ ਮਾਰ ਕੇ ਸ਼ਰਮਿੰਦਾ ਕਰ ਦੇਣਾ, ਡਿੱਕਨਜ਼ ਇਸ ਨੂੰ ਹਾਸਾ ਨਹੀਂ ਮੰਨਦਾ।

ਕੈਦੀ ਉਸਦੀ ਆਤਮਾ ਦਾ ਆਪਣਾ ਦਰਦ ਹੈ, ਸਾਰੀ ਉਮਰ ਹਸਣ ਵਾਲੇ ਦੇ ਇਹ ਛੇਕੜਲੇ ਆਪੇ ਫੁਟ ਕੇ ਵਗੇ ਅੱਥਰੂ ਹਨ। ਕਾਰਟਨ ਦਾ ਆਚਰਣ ਡਿੱਕਨਜ਼ ਦੀ ਕੁਚਲੀ ਛਾਤੀ ਵਿਚੋਂ ਨਿਕਲਿਆ ਹੋਇਆ ਆਪਣਾ ਆਚਰਣ ਹੈ।

ਇਹ ਉਸ ਦਾ ਛੇਕੜਲਾ ਨਾਵਲ ਹੈ ਤੇ ਉਸ ਨੇ ਆਪ ਵੀ ਲਿਖਿਆ ਹੈ ਕਿ "ਮੇਰੇ ਪਹਿਲੇ ਲਿਖੇ ਸਭ ਨਾਵਲਾਂ ਨਾਲੋਂ ਇਸ ਵਿਚ ਤਜਰਬਾ, ਹੁਨਰ ਤੇ ਜੀਵਨ ਬਹੁਤਾ ਹੈ।

ਕੈਦੀ ਦੀ ਕਹਾਣੀ ਐਸੀ ਹੈ ਕਿ ਦੀਵਾ ਫੜ ਕੇ ਢੂੰਢਿਆਂ ਨਹੀਂ ਮਿਲਦੀ। ਸੰਜਮ ਤੇ ਕਲਮ ਦੀ ਤਾਕਤ ਏਨੀ ਹੈ ਕਿ ਤਿੰਨ ਚਾਰ ਆਦਮੀਆਂ ਦੇ ਚੁਫੇਰੇ ਫਰਾਂਸ ਦਾ ਇਨਕਲਾਬ ਘੁੰਮਦਾ ਫਿਰਦਾ ਹੈ। ਪਾਤਰਾਂ ਦੇ ਆਚਰਣ, ਕਹਾਣੀ ਹੀ ਆਪ ਮੁਹਾਰੇ ਉਸਾਰੀ ਜਾਂਦੀ ਹੈ, ਸਭ ਪਾਤਰ ਅਮਰ ਸ਼ਖਸੀਅਤਾਂ ਬਣ ਗਏ ਹਨ, ਜੀਵਨ ਦੇ ਹਰ ਹਿੱਸੇ ਵਿਚ ਸਾਨੂੰ ਕੋਈ ਨ ਕੋਈ ਮਿਲਦਾ ਹੈ "ਕੈਦੀ, ਬਿਉਪਾਰੀ, ਮਿੱਤਰ, ਧੀ, ਪਿਤਾ, ਬਦਲਾ, ਮਜ਼ਦੂਰ ਤੇ ਜਗੀਰਦਾਰ।

ਇਹ ਅਮਰ ਪੁਸਤਕ ਦੁਨੀਆਂ ਭਰ ਵਿਚ ਫੈਲੀ ਹੋਈ ਏ, ਪਤਾ ਜੇ ਕਿਉਂ ? ਲੋਕੀਂ ਪੜ੍ਹ ਕੇ ਇਸ ਨੂੰ ਭੁਲ ਨਹੀਂ ਸਕਦੇ, ਰੂਹ ਦੀ ਆਵਾਜ਼ ਵਾਂਗ ਇਹ ਹਰ ਸਮੇਂ ਅੰਦਰੋਂ ਬੋਲਦੀ ਹੈ। ਹਰ ਆਦਮੀ ਨੂੰ ਇਹ ਬਦਲ ਦੇਂਦੀ ਹੈ, ਜਿੰਨਾਂ ਫਲਾਸਫਰ ਨੂੰ, ਉੱਨਾ ਮੂੜ੍ਹ ਅਨਪੜ੍ਹ ਨੂੰ।

ਡਿੱਕਨਜ਼ ਦੇ ਭਥੇ ਵਿਚ ਜਿੰਨੇ ਤੀਰ ਹਨ, ਮਿਰਜ਼ੇ ਦੇ ਤੀਰਾਂ ਵਾਂਗ ਸਭ ਨਿਸ਼ਾਨੇ ਤੇ ਬੈਠਦੇ ਹਨ। ਇਕ ਸਦੀ ਜਾਣ ਲਗੀ ਦੂਜੀ ਦੇ ਕੰਨ ਵਿਚ ਕਹਿ ਜਾਂਦੀ ਏ, "ਵੇਖੀ ਭੁਲ ਨ ਜਾਵੀਂ, ਅਮਰ-ਕਿਤਾਬ ਕੈਦੀ, ਕੈਦੀ ? ਹਾਂ ਹਾਂ ਕੈਦੀ।

ਜ਼ਰੂਰੀ ਨਹੀਂ ਕਿ ਪੁਤਰ ਦਾ ਮੁਹਾਂਦਰਾ ਮਾਂ ਬਾਪ ਨਾਲ ਹੀ ਮਿਲੇ। ਤੇ ਪੁਤਰ ਹੋ ਸਕਦਾ ਹੈ,ਇਕੇ ਖ਼ੂਨ ਕਰ ਕੇ, ਇਕੇ ਆਤਮਾ ਕਰ ਕੇ, ਤੇ ਇਕੇ ਸੁਭਾਵ ਕਰ ਕੇ। ਅਸੀਂ ਸਮਝਦੇ ਹਾਂ ਕਿ ਉਲਥਾ ਭੀ ਮਾਂ ਬਣ ਕੇ ਕੀਤਾ ਜਾ ਸਕਦਾ ਹੈ, ਆਪਣੇ ਅੰਗਾਂ ਨੂੰ ਖਰੋਚ ਕੇ ਅੰਗ ਬਣਾਉਣੇ ਪੈਂਦੇ ਹਨ, ਆਪਣੀ ਆਤਮਾ ਦੀ ਜੋਤ ਨਾਲ ਕਈ ਵਾਰ ਬੁਝੀ ਬਤੀ ਜਗਾਣੀ ਪੈਂਦੀ ਹੈ, ਝਖੜਾਂ ਦੀ ਕਾਲੀ ਬੋਲੀ ਰਾਤ ਵੇਖ ਕੇ ਕਈ ਵਾਰ ਨਿਰਾਸ ਹੋ ਜਾਈਦਾ ਹੈ, ਪਰ ਦ੍ਰਿੜ੍ਹਤਾ ਨਾਲ ਪੁਟੇ ਕਦਮ ਕਈ ਵਾਰ ਚੋਟੀਆਂ ਤੇ ਪਹੁੰਚ ਜਾਂਦੇ ਹਨ। ਸਾਡਾ ਨਿਮਾਣਾ ਯਤਨ ਤੁਹਾਡੇ ਸਾਹਮਣੇ ਹੈ।

ਬਲੋਚਿਸਤਾਨ ਦੀਆਂ ਖੁਸ਼ਕ ਪਹਾੜੀਆਂ ਤੇ ਇਕ ਵਿਦਿਅਕ ਬੋਹੜ ਰਾਇ ਬਹਾਦਰ ਸ: ਕਾਬਲਾ ਸਿੰਘ ਤੇ ਸ: ਬ: ਸ:ਗੁਰਦਿਤ ਸਿੰਘ ਨੇ ਲਾਇਆ ਹੋਇਆ ਹੈ, ਉਸੇ ਦੀ ਸੰਘਣੀ ਛਾਂ ਹੇਠ ਬੈਠ ਕੇ ਇਹ ਲਿਖੀ ਜਾ ਸਕੀ ਹੈ।

ਕਈ ਵਾਰ ਤੇਜ ਕਲਮ ਚਲਾਂਦਿਆਂ ਕੰਨੀ ਆਵਾਜ਼ ਪੈਂਦੀ ਸੀ, "ਮਨੁਖੀ ਚਿੱਤ੍ਰ ਚਿੱਤ੍ਰਨ ਲਈ ਥੋੜਾ ਮਠਾ ਹਥ ਕਰੋ, ਕਈ ਵਾਰ ਨੁਕਤੇ ਮੀਲਾਂ ਦੇ ਫ਼ਰਕ ਪਾ ਦੇਂਦੇ ਹਨ।"

ਪਿਛੇ ਧਿਆਨ ਮਾਰਨ ਤੇ ਡੂੰਘੀ ਆਤਮਾ ਸ: ਬੀਰ ਸਿੰਘ ਐਮ. ਏ., ਬੀ. ਟੀ. ਹਥ ਵਿਚ ਹਾਕੀ ਲੈ ਕੇ ਖੜੇ ਮੁਸਕ੍ਰਾ ਰਹੇ ਦਿਸਦੇ ਸਨ।

ਇਕ ਹੋਰ ਗੁੰਮ ਨਾਮ ਸ਼ਖਸੀਅਤ ਨੇ ਬੜਾ ਕੁਝ ਦਿਤਾ ਹੈ, ਜਿਨ੍ਹਾਂ ਦਾ ਨਾਮ ਲੈਣ ਦੀ ਆਗਿਆ ਨਹੀਂ।

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.